# NSW ਨੂੰ ਮੁੜ ਖੋਲ੍ਹਣਾ

NSW GOVERNMENT

| | ਮੁੜ ਖੋਲ੍ਹਣਾ 70% ਤੋਂ ਸ਼ੁਰੂ ਹੁੰਦਾ ਹੈ | 80% 'ਤੇ ਹੋਰ ਜ਼ਿਆਦਾ ਖੋਲ੍ਹਣਾ | ਪੂਰੀ ਤਰ੍ਹਾਂ ਮੁੜ ਖੋਲ੍ਹਿਆ ਗਿਆ 1 ਦਸੰਬਰ 2021 |
|---|---|---|---|
| | ਕੇਵਲ **ਪੂਰੀ ਤਰ੍ਹਾਂ ਟੀਕੇ ਲੱਗੇ** ਲੋਕ ਕੀ ਕਰ ਸਕਦੇ ਹਨ<br>COVID-ਸੇਫ ਚੈੱਕ-ਇਨ ਅਤੇ ਜ਼ਿਆਦਾਤਰ ਹਾਲਾਤਾਂ ਵਿੱਚ ਕਰਮਚਾਰੀਆਂ ਅਤੇ ਗਾਹਕਾਂ ਲਈ ਟੀਕਾਕਰਨ ਦਾ ਸਬੂਤ ਲੋੜੀਂਦਾ ਹੈ • ਕਰਮਚਾਰੀਆਂ ਅਤੇ ਗਾਹਕਾਂ ਵਾਸਤੇ ਟੀਕਾਕਰਨ ਦੀਆਂ ਲੋੜਾਂ ਵਾਲੇ ਖੇਤਰੀ NSW ਵਿੱਚਲੇ ਹਾਲਾਤਾਂ ਵਾਸਤੇ, ਕਰਮਚਾਰੀ 11 ਅਕਤੂਬਰ ਨੂੰ ਕੰਮ ਉੱਤੇ ਵਾਪਸ ਆ ਸਕਦੇ ਹਨ, ਜੇ ਉਹਨਾਂ ਨੇ COVID-19 ਵੈਕਸੀਨ ਦੀ ਘੱਟੋ ਘੱਟ 1 ਖੁਰਾਕ ਲਗਵਾਈ ਹੈ, ਪਰ 1 ਨਵੰਬਰ 2021 ਤੱਕ ਦੋਵੇਂ ਖੁਰਾਕਾਂ ਲਗਵਾਉਣੀਆਂ ਲਾਜ਼ਮੀ ਹਨ • ਅੰਦਰਵਾਰ ਖੇਤਰਾਂ ਵਾਸਤੇ 4 ਵਰਗ ਮੀਟਰ (ਵ:ਮੀ:) ਪ੍ਰਤੀ 1 ਵਿਅਕਤੀ ਦੀ ਘਣਤਾ ਸੀਮਾ ਅਤੇ 2 ਵ:ਮੀ: ਪ੍ਰਤੀ 1 ਵਿਅਕਤੀ ਬਾਹਰਵਾਰ ਖੇਤਰਾਂ ਵਿੱਚ ਹੇਠਾਂ ਸੂਚੀਬੱਧ ਕੁਝ ਗਤੀਵਿਧੀਆਂ ਉੱਤੇ ਲਾਗੂ ਹੁੰਦੀਆਂ ਹਨ • COVID-19 ਸੁਰੱਖਿਆ ਯੋਜਨਾਵਾਂ ਲਾਗੂ ਹੁੰਦੀਆਂ ਹਨ | | **ਹਰ ਕੋਈ** ਕੀ ਕਰ ਸਕਦਾ ਹੈ<br>ਅੰਦਰਵਾਰ ਅਤੇ ਬਾਹਰਵਾਰ ਖੇਤਰਾਂ ਵਿੱਚ ਪ੍ਰਤੀ 2 ਵਰਗ ਮੀਟਰ ਵਿੱਚ 1 ਵਿਅਕਤੀ ਦੀ ਘਣਤਾ ਸੀਮਾਵਾਂ ਹੇਠਾਂ ਸੂਚੀਬੱਧ ਜ਼ਿਆਦਾਤਰ ਗਤੀਵਿਧੀਆਂ ਉੱਤੇ ਲਾਗੂ ਹੁੰਦੀਆਂ ਹਨ |
| **ਮਾਸਕ ਅਤੇ ਕਿਊਆਰ ਕੋਡ** | > ਜਨਤਕ ਆਵਾਜਾਈ, ਜਹਾਜ਼ਾਂ ਅਤੇ ਹਵਾਈ ਅੱਡਿਆਂ ਸਮੇਤ ਸਾਰੇ ਅੰਦਰਵਾਰ ਹਾਲਾਤਾਂ ਵਿੱਚ ਸਾਰੇ ਕਰਮਚਾਰੀਆਂ ਅਤੇ ਗਾਹਕਾਂ ਨੂੰ ਮਾਸਕ ਲੋੜੀਂਦੇ ਹਨ (12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਛੱਡ ਕੇ)<br>> ਮਾਸਕ ਹੁਣ ਬਾਹਰਵਾਰ ਹਾਲਾਤਾਂ ਵਿੱਚ ਨਹੀਂ ਚਾਹੀਦੇ ਹਨ (ਗਾਹਕਾਂ ਨਾਲ ਕੰਮ ਕਰਨ ਵਾਲੇ ਪ੍ਰਾਹੁਣਚਾਰੀ ਕਰਮਚਾਰੀਆਂ ਨੂੰ ਛੱਡ ਕੇ)<br>> COVID ਸੁਰੱਖਿਅਤ ਚੈੱਕ-ਇਨ ਅਤੇ ਕਰਮਚਾਰੀਆਂ ਅਤੇ ਗਾਹਕਾਂ ਵਾਸਤੇ ਲੋੜੀਂਦੇ ਟੀਕਾਕਰਨ ਦਾ ਸਬੂਤ | > ਜਨਤਕ ਆਵਾਜਾਈ, ਜਹਾਜ਼ਾਂ ਅਤੇ ਹਵਾਈ ਅੱਡਿਆਂ ਸਮੇਤ ਸਾਰੀਆਂ ਅੰਦਰਵਾਰ ਹਾਲਾਤਾਂ ਵਿੱਚ ਸਾਰੇ ਕਰਮਚਾਰੀਆਂ ਅਤੇ ਗਾਹਕਾਂ ਵਾਸਤੇ ਮਾਸਕ ਲੋੜੀਂਦੇ ਹਨ (12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਛੱਡ ਕੇ)<br>> ਮਾਸਕ ਹੁਣ ਦਫਤਰਾਂ ਦੀਆਂ ਇਮਾਰਤਾਂ ਵਿੱਚ ਨਹੀਂ ਚਾਹੀਦੇ ਹਨ (ਬਿਨਾਂ ਟੀਕੇ ਲਗਾਏ ਲੋਕਾਂ ਨੂੰ ਅਜੇ ਵੀ ਦਫਤਰ ਵਿੱਚ ਮਾਸਕ ਪਹਿਨਣਾ ਚਾਹੀਦਾ ਹੈ)<br>> ਮਾਸਕ ਹੁਣ ਬਾਹਰਵਾਰ ਹਾਲਾਤਾਂ ਵਿੱਚ ਨਹੀਂ ਚਾਹੀਦੇ ਹਨ (ਗਾਹਕਾਂ ਨਾਲ ਕੰਮ ਕਰਨ ਵਾਲੇ ਪ੍ਰਾਹੁਣਚਾਰੀ ਕਰਮਚਾਰੀਆਂ ਨੂੰ ਛੱਡ ਕੇ)<br>> COVID ਸੁਰੱਖਿਅਤ ਚੈੱਕ-ਇਨ ਅਤੇ ਕਰਮਚਾਰੀਆਂ ਅਤੇ ਗਾਹਕਾਂ ਵਾਸਤੇ ਟੀਕਾਕਰਨ ਦਾ ਸਬੂਤ ਲੋੜੀਂਦਾ ਹੈ | > ਮਾਸਕ ਕੇਵਲ ਜਨਤਕ ਆਵਾਜਾਈ, ਜਹਾਜ਼ਾਂ ਅਤੇ ਹਵਾਈ ਅੱਡਿਆਂ, ਅਤੇ ਗਾਹਕਾਂ ਨਾਲ ਕੰਮ ਕਰਨ ਵਾਲੇ ਪ੍ਰਾਹੁਣਚਾਰੀ ਕਰਮਚਾਰੀਆਂ ਵਾਸਤੇ ਲੋੜੀਂਦੇ ਹਨ<br>> ਮਾਸਕ ਹੁਣ ਬਾਹਰਵਾਰ ਹਾਲਾਤਾਂ ਵਿੱਚ ਨਹੀਂ ਚਾਹੀਦੇ ਹਨ (ਗਾਹਕਾਂ ਨਾਲ ਕੰਮ ਕਰਨ ਵਾਲੇ ਪ੍ਰਾਹੁਣਚਾਰੀ ਕਰਮਚਾਰੀ ਵੀ ਸ਼ਾਮਲ ਹਨ)<br>> ਜਨਤਕ ਸਿਹਤ ਆਦੇਸ਼ ਦੁਆਰਾ ਟੀਕਾਕਰਨ ਦੇ ਸਬੂਤ ਦੀ ਲੋੜ ਨਹੀਂ ਹੈ |
| **ਪਰਿਵਾਰ ਅਤੇ ਦੋਸਤਾਂ ਨੂੰ ਮਿਲਣ ਜਾਣਾ** | > ਕਿਸੇ ਵੀ ਇਕ ਸਮੇਂ ਤੁਹਾਡੇ ਘਰ ਵਿੱਚ 10 ਤੱਕ ਪ੍ਰਾਹੁਣਿਆਂ ਦੀ ਆਗਿਆ ਹੈ (ਪ੍ਰਾਹੁਣਿਆਂ ਦੀਆਂ ਸੀਮਾਵਾਂ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਾਸਤੇ ਲਾਗੂ ਨਹੀਂ ਹੁੰਦੀਆਂ ਹਨ)<br>> ਛੋਟੇ ਬਾਹਰੀ ਇਕੱਠਾਂ ਅਤੇ ਮਨੋਰੰਜਨ ਦੀ ਆਗਿਆ 30 ਤੱਕ ਲੋਕਾਂ ਵਾਸਤੇ ਦਿੱਤੀ ਜਾਂਦੀ ਹੈ (2-ਵਿਅਕਤੀਆਂ ਦੀ ਸੀਮਾ ਉਹਨਾਂ ਲੋਕਾਂ ਵਾਸਤੇ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ)<br>> ਬਜ਼ੁਰਗ ਸੰਭਾਲ ਸੁਵਿਧਾਵਾਂ ਅਤੇ ਅਪੰਗਤਾ ਘਰਾਂ ਦੇ ਵਸਨੀਕਾਂ ਨੂੰ ਮਿਲਣ ਆਉਣ ਵਾਲੇ ਪ੍ਰਾਹੁਣਿਆਂ ਨੂੰ ਉੱਥੋਂ ਦੀਆਂ ਨੀਤੀਆਂ ਦੇ ਅਨੁਸਾਰ ਆਗਿਆ ਦਿੱਤੀ ਜਾਂਦੀ ਹੈ | > ਕਿਸੇ ਵੀ ਇਕ ਸਮੇਂ ਤੁਹਾਡੇ ਘਰ ਵਿੱਚ 20 ਤੱਕ ਪ੍ਰਾਹੁਣਿਆਂ ਦੀ ਆਗਿਆ ਹੈ (ਪ੍ਰਾਹੁਣਿਆਂ ਦੀਆਂ ਸੀਮਾਵਾਂ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਾਸਤੇ ਲਾਗੂ ਨਹੀਂ ਹੁੰਦੀਆਂ ਹਨ)<br>> ਛੋਟੇ ਬਾਹਰੀ ਇਕੱਠਾਂ ਅਤੇ ਮਨੋਰੰਜਨ ਦੀ ਆਗਿਆ 50 ਤੱਕ ਲੋਕਾਂ ਵਾਸਤੇ ਦਿੱਤੀ ਜਾਂਦੀ ਹੈ (2-ਵਿਅਕਤੀਆਂ ਦੀ ਸੀਮਾ ਉਹਨਾਂ ਲੋਕਾਂ ਵਾਸਤੇ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ)<br>> ਬਜ਼ੁਰਗ ਸੰਭਾਲ ਸੁਵਿਧਾਵਾਂ ਅਤੇ ਅਪੰਗਤਾ ਘਰਾਂ ਦੇ ਵਸਨੀਕਾਂ ਨੂੰ ਮਿਲਣ ਆਉਣ ਵਾਲੇ ਪ੍ਰਾਹੁਣਿਆਂ ਨੂੰ ਉੱਥੋਂ ਦੀਆਂ ਨੀਤੀਆਂ ਦੇ ਅਨੁਸਾਰ ਆਗਿਆ ਦਿੱਤੀ ਜਾਂਦੀ ਹੈ | > ਤੁਹਾਡੇ ਘਰ ਵਿੱਚ ਆਉਣ ਵਾਲੇ ਪ੍ਰਾਹੁਣਿਆਂ ਦੀ ਗਿਣਤੀ ਦੀ ਕੋਈ ਸੀਮਾ ਨਹੀਂ ਹੈ<br>> ਗੈਰ ਰਸਮੀ ਬਾਹਰੀ ਇਕੱਠਾਂ ਅਤੇ ਮਨੋਰੰਜਨ ਲਈ ਲੋਕਾਂ ਦੀ ਗਿਣਤੀ ਦੀ ਕੋਈ ਸੀਮਾ ਨਹੀਂ ਹੈ<br>> ਬਜ਼ੁਰਗ ਸੰਭਾਲ ਸੁਵਿਧਾਵਾਂ ਅਤੇ ਅਪੰਗਤਾ ਘਰਾਂ ਦੇ ਵਸਨੀਕਾਂ ਨੂੰ ਮਿਲਣ ਆਉਣ ਵਾਲੇ ਸਾਰੇ ਪ੍ਰਾਹੁਣਿਆਂ ਨੂੰ ਉੱਥੋਂ ਦੀਆਂ ਨੀਤੀਆਂ ਦੇ ਅਨੁਸਾਰ ਆਗਿਆ ਦਿੱਤੀ ਜਾਂਦੀ ਹੈ |
| **ਕਸਰਤ ਅਤੇ ਮਨੋਰੰਜਨ** | > ਕਸਰਤ ਅਤੇ ਮਨੋਰੰਜਨ ਲਈ ਦੂਰੀ ਦੀਆਂ ਕੋਈ ਸੀਮਾਵਾਂ ਲਾਗੂ ਨਹੀਂ ਹੁੰਦੀਆਂ ਹਨ<br>> ਜਿਮ, ਅੰਦਰਵਾਰ ਮਨੋਰੰਜਨ ਅਤੇ ਖੇਡ ਸਹੂਲਤਾਂ ਘਣਤਾ ਸੀਮਾਵਾਂ ਅਤੇ ਜਮਾਤਾਂ ਵਿੱਚ 20 ਤੱਕ ਲੋਕਾਂ ਨਾਲ ਮੁੜ ਖੁੱਲ੍ਹਦੀਆਂ ਹਨ<br>> ਅੰਦਰਵਾਰ ਸਵਿਮਿੰਗ ਪੂਲ ਸਿਖਾਉਣ, ਸਿਖਲਾਈ ਅਤੇ ਮੁੜ ਵਸੇਬੇ ਦੀਆਂ ਗਤੀਵਿਧੀਆਂ ਲਈ ਖੁੱਲ੍ਹਦੇ ਹਨ<br>> ਭਾਈਚਾਰਕ ਖੇਡਾਂ ਦੀ ਆਗਿਆ ਨਹੀਂ ਹੈ | > ਕਸਰਤ ਅਤੇ ਮਨੋਰੰਜਨ ਲਈ ਦੂਰੀ ਦੀਆਂ ਕੋਈ ਸੀਮਾਵਾਂ ਲਾਗੂ ਨਹੀਂ ਹੁੰਦੀਆਂ ਹਨ<br>> ਜਿਮ, ਅੰਦਰਵਾਰ ਮਨੋਰੰਜਨ ਅਤੇ ਖੇਡ ਸਹੂਲਤਾਂ ਘਣਤਾ ਸੀਮਾਵਾਂ ਅਤੇ ਜਮਾਤਾਂ ਵਿੱਚ 20 ਤੱਕ ਲੋਕਾਂ ਨਾਲ ਮੁੜ ਖੁੱਲ੍ਹਦੀਆਂ ਹਨ<br>> ਅੰਦਰਵਾਰ ਸਵਿਮਿੰਗ ਪੂਲ ਤੈਰਾਕੀ ਸਿਖਾਉਣ, ਸਿਖਲਾਈ ਅਤੇ ਸਿਹਤ ਦੀ ਮੁੜ-ਬਹਾਲੀ ਦੀਆਂ ਗਤੀਵਿਧੀਆਂ ਲਈ ਖੁੱਲ੍ਹੇ ਹਨ<br>> ਭਾਈਚਾਰਕ ਖੇਡਾਂ ਨੂੰ ਪੂਰੀ ਤਰ੍ਹਾਂ ਟੀਕੇ ਲਗਾਏ ਕਰਮਚਾਰੀਆਂ, ਦਰਸ਼ਕਾਂ ਅਤੇ ਹਿੱਸਾ ਲੈਣ ਵਾਲਿਆਂ ਵਾਸਤੇ ਆਗਿਆ ਦਿੱਤੀ ਗਈ ਹੈ | > ਜਿਮ, ਅੰਦਰਵਾਰ ਮਨੋਰੰਜਨ ਅਤੇ ਖੇਡ ਸਹੂਲਤਾਂ ਵਿੱਚ ਕੋਈ ਵਿਅਕਤੀ ਸੀਮਾ ਨਹੀਂ ਹੈ, ਘਣਤਾ ਦੀਆਂ ਸੀਮਾਵਾਂ ਲਾਗੂ ਹੁੰਦੀਆਂ ਹਨ<br>> ਅੰਦਰਵਾਰ ਸਵਿਮਿੰਗ ਪੂਲ ਸਾਰੇ ਉਦੇਸ਼ਾਂ ਲਈ ਮੁੜ ਖੁੱਲ੍ਹਦੇ ਹਨ<br>> ਭਾਈਚਾਰਕ ਖੇਡਾਂ ਨੂੰ ਸਾਰੇ ਕਰਮਚਾਰੀਆਂ, ਦਰਸ਼ਕਾਂ ਅਤੇ ਹਿੱਸਾ ਲੈਣ ਵਾਲਿਆਂ ਵਾਸਤੇ ਆਗਿਆ ਦਿੱਤੀ ਜਾਂਦੀ ਹੈ |

16 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ, ਉਹਨਾਂ ਨੂੰ ਆਪਣੇ ਕਾਰਜ-ਸਥਾਨਾਂ ਅਤੇ ਸਾਰੀਆਂ ਬਾਹਰੀ ਹਾਲਾਤਾਂ ਵਿੱਚ ਬਿਨਾਂ ਕਿਸੇ ਸਾਥ ਦੇ ਆਗਿਆ ਦਿੱਤੀ ਜਾਂਦੀ ਹੈ, ਪਰ ਉਹਨਾਂ ਨੂੰ ਪ੍ਰਾਹੁਣਚਾਰੀ ਵਾਲੇ ਸਥਾਨਾਂ (ਜਦ ਤੱਕ ਟੇਕਵੇਅ ਨਹੀਂ ਲੈ ਰਹੇ), ਮਨੋਰੰਜਨ ਸੁਵਿਧਾਵਾਂ, ਵੱਡੀਆਂ ਮਨੋਰੰਜਨ ਸਹੂਲਤਾਂ ਅਤੇ ਪੂਜਾ ਸਥਾਨਾਂ ਵਿੱਚ ਆਪਣੇ ਪਰਿਵਾਰ ਦੇ ਇਕ ਪੂਰੀ ਤਰ੍ਹਾਂ ਟੀਕੇ ਲਗਾਏ ਜੀਅ ਦੇ ਨਾਲ ਹੋਣਾ ਚਾਹੀਦਾ ਹੈ। **ਸਥਾਨਕ ਸਰਕਾਰੀ ਖੇਤਰ ਜਨਤਕ ਸਿਹਤ ਆਦੇਸ਼ਾਂ ਦੇ ਅਨੁਸਾਰ ਵੱਖ-ਵੱਖ ਨਿਯਮਾਂ ਅਤੇ ਪਾਬੰਦੀਆਂ ਦੇ ਅਧੀਨ ਹੋ ਸਕਦੇ ਹਨ। ਨਵੀਨਤਮ ਜਾਣਕਾਰੀ ਲਈ ਇੱਥੇ ਜਾਓ nsw.gov.au**



COVID-19 ਟੀਕਾਕਰਨ

**ਚਲੋ ਇਹ ਕਰਵਾਈਏ**
nsw.gov.au

# NSW ਨੂੰ ਮੁੜ ਖੋਲ੍ਹਣਾ

NSW GOVERNMENT

| | ਮੁੜ ਖੋਲ੍ਹਣਾ 70% ਤੋਂ ਸ਼ੁਰੂ ਹੁੰਦਾ ਹੈ | 80% 'ਤੇ ਹੋਰ ਜ਼ਿਆਦਾ ਖੋਲ੍ਹਣਾ | ਪੂਰੀ ਤਰ੍ਹਾਂ ਮੁੜ ਖੋਲ੍ਹਿਆ ਗਿਆ 1 ਦਸੰਬਰ 2021 |
|---|---|---|---|
| | ਕੇਵਲ **ਪੂਰੀ ਤਰ੍ਹਾਂ ਟੀਕੇ ਲੱਗੇ** ਲੋਕ ਕੀ ਕਰ ਸਕਦੇ ਹਨ | | **ਹਰ ਕੋਈ** ਕੀ ਕਰ ਸਕਦਾ ਹੈ |
| **ਸਕੂਲ** | > ਸਕੂਲ ਪੱਧਰ 3 ਵਾਲੇ COVID-19 ਸੁਰੱਖਿਆ ਉਪਾਵਾਂ ਨਾਲ ਮੁੜ ਖੁੱਲ੍ਹਦੇ ਹਨ (education.nsw.gov.au ਵੇਖੋ)<br>> 18 ਅਕਤੂਬਰ ਤੋਂ ਸ਼ੁਰੂ ਕਰ ਕੇ ਥੋੜ੍ਹੇ ਥੋੜ੍ਹੇ ਵਿਦਿਆਰਥੀ ਨੂੰ ਸਕੂਲ ਵਾਪਸ ਆਉਣ ਦੀ ਆਗਿਆ ਅਤੇ ਸਾਰੇ ਵਿਦਿਆਰਥੀ 25 ਅਕਤੂਬਰ 2021 ਤੋਂ ਆਹਮੋ-ਸਾਹਮਣੇ ਪੜ੍ਹਣ ਲਈ ਵਾਪਸ ਆ ਰਹੇ ਹਨ | > ਸਕੂਲ ਪੱਧਰ 3 ਵਾਲੇ COVID-19 ਸੁਰੱਖਿਆ ਉਪਾਵਾਂ ਨਾਲ ਮੁੜ ਖੁੱਲ੍ਹਦੇ ਹਨ (education.nsw.gov.au ਵੇਖੋ)<br>> ਥੋੜ੍ਹੇ ਥੋੜ੍ਹੇ ਵਿਦਿਆਰਥੀ ਨੂੰ ਸਕੂਲ ਵਾਪਸ ਆਉਣ ਦੀ ਆਗਿਆ 18 ਅਕਤੂਬਰ ਤੋਂ ਸ਼ੁਰੂ ਹੋਈ ਸੀ ਅਤੇ ਸਾਰੇ ਵਿਦਿਆਰਥੀ 25 ਅਕਤੂਬਰ 2021 ਤੋਂ ਆਹਮੋ-ਸਾਹਮਣੇ ਪੜ੍ਹਣ ਲਈ ਵਾਪਸ ਆ ਰਹੇ ਹਨ | > ਵਿਦਿਆਰਥੀ ਪਹਿਲਾਂ ਹੀ ਆਹਮੋ-ਸਾਹਮਣੇ ਪੜ੍ਹਣ ਲਈ ਵਾਪਸ ਆ ਗਏ ਹਨ |
| **ਖਰੀਦਦਾਰੀ ਅਤੇ ਨਿੱਜੀ ਸੇਵਾਵਾਂ** | > ਗੈਰ-ਹੰਗਾਮੀ ਪ੍ਰਚੂਨ ਵਾਲੀਆਂ ਥਾਵਾਂ ਘਣਤਾ ਸੀਮਾਵਾਂ ਨਾਲ ਮੁੜ ਖੁੱਲ੍ਹਦੀਆਂ ਹਨ (ਉਹ ਲੋਕ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ, ਉਹ ਕੇਵਲ ਕਲਿੱਕ ਅਤੇ ਕੁਲੈਕਟ ਰਾਹੀਂ ਗੈਰ-ਹੰਗਾਮੀ ਪ੍ਰਚੂਨ ਤੱਕ ਪਹੁੰਚ ਕਰ ਸਕਦੇ ਹਨ)<br>> ਨਿੱਜੀ ਸੇਵਾਵਾਂ (ਹੇਅਰਡ੍ਰੈਸਰ, ਸਪਾਅ, ਸੁੰਦਰਤਾ ਅਤੇ ਨਹੁੰਆਂ ਵਾਲੇ ਸੈਲੂਨ, ਟੈਟੂ ਅਤੇ ਮਾਲਸ਼ ਵਾਲੇ ਪਾਰਲਰਾਂ ਸਮੇਤ) 5 ਗਾਹਕਾਂ ਲਈ, ਘਣਤਾ ਸੀਮਾਵਾਂ ਨਾਲ ਮੁੜ ਖੁੱਲ੍ਹਦੀਆਂ ਹਨ | > ਗੈਰ-ਹੰਗਾਮੀ ਪ੍ਰਚੂਨ ਵਾਲੀਆਂ ਥਾਵਾਂ ਘਣਤਾ ਸੀਮਾਵਾਂ ਨਾਲ ਮੁੜ ਖੁੱਲ੍ਹਦੀਆਂ ਹਨ (ਉਹ ਲੋਕ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ, ਉਹ ਕੇਵਲ ਕਲਿੱਕ ਅਤੇ ਕੁਲੈਕਟ ਰਾਹੀਂ ਗੈਰ-ਹੰਗਾਮੀ ਪ੍ਰਚੂਨ ਤੱਕ ਪਹੁੰਚ ਕਰ ਸਕਦੇ ਹਨ)<br>> ਨਿੱਜੀ ਸੇਵਾਵਾਂ ਲਈ ਵਿਅਕਤੀਆਂ ਦੀ ਕੋਈ ਸੀਮਾ ਨਹੀਂ ਹੈ (ਹੇਅਰਡ੍ਰੈਸਰ, ਸਪਾਅ, ਸੁੰਦਰਤਾ ਅਤੇ ਨਹੁੰਆਂ ਵਾਲੇ ਸੈਲੂਨ, ਟੈਟੂ ਅਤੇ ਮਾਲਸ਼ ਵਾਲੇ ਪਾਰਲਰਾਂ ਸਮੇਤ) ਘਣਤਾ ਸੀਮਾਵਾਂ ਨਾਲ ਮੁੜ ਖੁੱਲ੍ਹਦੀਆਂ ਹਨ<br>> ਸੈਕਸ ਸੇਵਾਵਾਂ ਦੇ ਅਹਾਤੇ ਮੁੜ ਖੁੱਲ੍ਹਦੇ ਹਨ | > ਗੈਰ-ਹੰਗਾਮੀ ਪ੍ਰਚੂਨ ਵਾਲੀਆਂ ਥਾਂਵਾਂ ਸਾਰਿਆਂ ਲਈ ਮੁੜ ਖੁੱਲ੍ਹਦੀਆਂ ਹਨ, ਘਣਤਾ ਸੀਮਾਵਾਂ ਲਾਗੂ ਹੁੰਦੀਆਂ ਹਨ<br>> ਨਿੱਜੀ ਸੇਵਾਵਾਂ ਵਾਸਤੇ ਕੋਈ ਵਿਅਕਤੀ ਸੀਮਾ ਨਹੀਂ (ਜਿਸ ਵਿੱਚ ਹੇਅਰਡ੍ਰੈਸਰ, ਸਪਾਅ, ਸੁੰਦਰਤਾ ਅਤੇ ਨਹੁੰਆਂ ਵਾਲੇ ਸੈਲੂਨ, ਟੈਟੂ ਅਤੇ ਮਾਲਸ਼ ਵਾਲੇ ਪਾਰਲਰ ਸ਼ਾਮਲ ਹਨ), ਘਣਤਾ ਦੀਆਂ ਸੀਮਾਵਾਂ ਲਾਗੂ ਹੁੰਦੀਆਂ ਹਨ<br>> ਅਹਾਤਿਆਂ ਵਿੱਚ ਸੈਕਸ ਵਾਲੇ ਸਥਾਨ ਅਤੇ ਸੈਕਸ ਸੇਵਾਵਾਂ ਵਾਲੇ ਅਹਾਤੇ ਪ੍ਰਤੀ 4 ਵਰਗ ਮੀਟਰ 1 ਵਿਅਕਤੀ ਦੀ ਘਣਤਾ ਸੀਮਾ ਦੇ ਨਾਲ ਖੁੱਲ੍ਹਦੇ ਹਨ |
| **ਰੈਸਟੋਰੈਂਟ ਅਤੇ ਪ੍ਰਾਹੁਣਚਾਰੀ** | > ਪ੍ਰਾਹੁਣਚਾਰੀ ਦੀ ਬੁਕਿੰਗ ਪ੍ਰਤੀ 20 ਤੱਕ ਲੋਕਾਂ ਵਾਸਤੇ ਘਣਤਾ ਸੀਮਾਵਾਂ ਨਾਲ ਮੁੜ ਖੁੱਲ੍ਹਦੀ ਹੈ (ਉਹਨਾਂ ਲੋਕਾਂ ਵਾਸਤੇ ਕੇਵਲ ਟੇਕ-ਅਵੇ ਹੀ, ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ)<br>> ਅੰਦਰਵਾਰ ਕੋਈ ਗਾਇਕੀ ਨਹੀਂ (ਕਲਾਕਾਰਾਂ ਨੂੰ ਛੱਡ ਕੇ)<br>> ਅੰਦਰਵਾਰ ਸ਼ਰਾਬ ਪੀਣਾ ਲਾਜ਼ਮੀ ਤੌਰ 'ਤੇ ਬੈਠ ਕੇ ਹੋਣਾ ਚਾਹੀਦਾ ਹੈ, ਪਰ ਬਾਹਰ ਸ਼ਰਾਬ ਪੀਣਾ ਬੈਠ ਕੇ ਜਾਂ ਖੜ੍ਹੇ ਹੋ ਕੇ ਹੋ ਸਕਦਾ ਹੈ<br>> ਨੱਚਣ ਦੀ ਆਗਿਆ ਬਾਹਰਵਾਰ ਦਿੱਤੀ ਜਾਂਦੀ ਹੈ, ਅੰਦਰਵਾਰ ਨੱਚਣ ਦੀ ਆਗਿਆ ਨਹੀਂ ਹੈ (ਵਿਆਹਾਂ ਨੂੰ ਛੱਡ ਕੇ) | > ਪ੍ਰਾਹੁਣਚਾਰੀ ਦੀ ਬੁਕਿੰਗ ਪ੍ਰਤੀ 20 ਤੱਕ ਲੋਕਾਂ ਵਾਸਤੇ ਘਣਤਾ ਸੀਮਾਵਾਂ ਨਾਲ ਮੁੜ ਖੁੱਲ੍ਹਦੀ ਹੈ (ਉਹਨਾਂ ਲੋਕਾਂ ਵਾਸਤੇ ਕੇਵਲ ਟੇਕ-ਅਵੇ ਹੀ, ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ)<br>> ਅੰਦਰਵਾਰ ਕੋਈ ਗਾਇਕੀ ਨਹੀਂ (ਕਲਾਕਾਰਾਂ ਨੂੰ ਛੱਡ ਕੇ)<br>> ਅੰਦਰਵਾਰ (ਨਾਈਟ ਕਲੱਬਾਂ ਨੂੰ ਛੱਡ ਕੇ) ਅਤੇ ਬਾਹਰਵਾਰ ਨੱਚਣ ਦੀ ਆਗਿਆ ਹੈ<br>> ਅੰਦਰਵਾਰ ਅਤੇ ਬਾਹਰਵਾਰ ਸ਼ਰਾਬ ਪੀਣਾ ਬੈਠ ਕੇ ਜਾਂ ਖੜ੍ਹੇ ਹੋ ਕੇ ਹੋ ਸਕਦਾ ਹੈ | > ਪ੍ਰਾਹੁਣਚਾਰੀ ਵਾਲੇ ਹਾਲਾਤਾਂ ਵਿੱਚ ਵਿਅਕਤੀਆਂ ਦੀ ਕੋਈ ਸੀਮਾ ਨਹੀਂ, ਘਣਤਾ ਸੀਮਾਵਾਂ ਲਾਗੂ ਹੁੰਦੀਆਂ ਹਨ<br>> ਅੰਦਰਵਾਰ ਅਤੇ ਬਾਹਰਵਾਰ ਗਾਉਣ ਅਤੇ ਨੱਚਣ ਦੀ ਆਗਿਆ ਹੈ<br>> ਅੰਦਰਵਾਰ ਅਤੇ ਬਾਹਰਵਾਰ ਸ਼ਰਾਬ ਪੀਣਾ ਬੈਠ ਕੇ ਜਾਂ ਖੜ੍ਹੇ ਹੋ ਕੇ ਹੋ ਸਕਦਾ ਹੈ |
| **ਘਰੋਂ ਕੰਮ ਕਰਨਾ** | > ਰੁਜ਼ਗਾਰਦਾਤੇ ਕਰਮਚਾਰੀਆਂ ਨੂੰ ਘਰੋਂ ਕੰਮ ਕਰਨਾ ਜਾਰੀ ਰੱਖਣ ਦੀ ਆਗਿਆ ਦਿੰਦੇ ਹਨ, ਜੇ ਵਾਜਬ ਤੌਰ 'ਤੇ ਵਿਹਾਰਕ ਹੈ<br>> ਰੁਜ਼ਗਾਰਦਾਤਿਆਂ ਨੂੰ ਉਹਨਾਂ ਕਰਮਚਾਰੀਆਂ ਕੋਲੋਂ ਘਰ ਤੋਂ ਕੰਮ ਕਰਵਾਉਣ ਦੀ ਲੋੜ ਹੁੰਦੀ ਹੈ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ, ਜੇ ਵਾਜਬ ਤੌਰ 'ਤੇ ਵਿਹਾਰਕ ਹੋਵੇ | > ਰੁਜ਼ਗਾਰਦਾਤੇ ਕਰਮਚਾਰੀਆਂ ਨੂੰ ਘਰੋਂ ਕੰਮ ਕਰਨਾ ਜਾਰੀ ਰੱਖਣ ਦੀ ਆਗਿਆ ਦਿੰਦੇ ਹਨ, ਜੇ ਵਾਜਬ ਤੌਰ 'ਤੇ ਵਿਹਾਰਕ ਹੈ<br>> ਰੁਜ਼ਗਾਰਦਾਤਿਆਂ ਨੂੰ ਉਹਨਾਂ ਕਰਮਚਾਰੀਆਂ ਕੋਲੋਂ ਘਰ ਤੋਂ ਕੰਮ ਕਰਵਾਉਣ ਦੀ ਲੋੜ ਹੁੰਦੀ ਹੈ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ, ਜੇ ਵਾਜਬ ਤੌਰ 'ਤੇ ਵਿਹਾਰਕ ਹੋਵੇ | > ਆਪਣੀ ਮਰਜ਼ੀ ਨਾਲ ਰੁਜ਼ਗਾਰਦਾਤੇ ਕਰਮਚਾਰੀਆਂ ਨੂੰ ਘਰੋਂ ਕੰਮ ਕਰਨ ਦੀ ਆਗਿਆ ਦਿੰਦੇ ਹਨ |

16 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ, ਉਹਨਾਂ ਨੂੰ ਆਪਣੇ ਕਾਰਜ-ਸਥਾਨਾਂ ਅਤੇ ਸਾਰੀਆਂ ਬਾਹਰੀ ਹਾਲਾਤਾਂ ਵਿੱਚ ਬਿਨਾਂ ਕਿਸੇ ਸਾਥ ਦੇ ਆਗਿਆ ਦਿੱਤੀ ਜਾਂਦੀ ਹੈ, ਪਰ ਉਹਨਾਂ ਨੂੰ ਪ੍ਰਾਹੁਣਚਾਰੀ ਵਾਲੇ ਸਥਾਨਾਂ (ਜਦ ਤੱਕ ਟੇਕਵੇਅ ਨਹੀਂ ਲੈ ਰਹੇ), ਮਨੋਰੰਜਨ ਸੁਵਿਧਾਵਾਂ, ਵੱਡੀਆਂ ਮਨੋਰੰਜਨ ਸਹੂਲਤਾਂ ਅਤੇ ਪੂਜਾ ਸਥਾਨਾਂ ਵਿੱਚ ਆਪਣੇ ਪਰਿਵਾਰ ਦੇ ਇਕ ਪੂਰੀ ਤਰ੍ਹਾਂ ਟੀਕੇ ਲਗਾਏ ਜੀਅ ਦੇ ਨਾਲ ਹੋਣਾ ਚਾਹੀਦਾ ਹੈ। **ਸਥਾਨਕ ਸਰਕਾਰੀ ਖੇਤਰ ਜਨਤਕ ਸਿਹਤ ਆਦੇਸ਼ਾਂ ਦੇ ਅਨੁਸਾਰ ਵੱਖ-ਵੱਖ ਨਿਯਮਾਂ ਅਤੇ ਪਾਬੰਦੀਆਂ ਦੇ ਅਧੀਨ ਹੋ ਸਕਦੇ ਹਨ। ਨਵੀਨਤਮ ਜਾਣਕਾਰੀ ਲਈ ਇੱਥੇ ਜਾਓ nsw.gov.au**



COVID-19 ਟੀਕਾਕਰਨ

**ਚਲੋ ਇਹ ਕਰਵਾਈਏ**

nsw.gov.au

# NSW ਨੂੰ ਮੁੜ ਖੋਲ੍ਹਣਾ

| | ਮੁੜ ਖੋਲ੍ਹਣਾ 70% ਤੋਂ ਸ਼ੁਰੂ ਹੁੰਦਾ ਹੈ | 80% 'ਤੇ ਹੋਰ ਜ਼ਿਆਦਾ ਖੋਲ੍ਹਣਾ | ਪੂਰੀ ਤਰ੍ਹਾਂ ਮੁੜ ਖੋਲ੍ਹਿਆ ਗਿਆ 1 ਦਸੰਬਰ 2021 |
|---|---|---|---|
| | ਕੇਵਲ **ਪੂਰੀ ਤਰ੍ਹਾਂ ਟੀਕੇ ਲੱਗੇ** ਲੋਕ ਕੀ ਕਰ ਸਕਦੇ ਹਨ | | **ਹਰ ਕੋਈ** ਕੀ ਕਰ ਸਕਦਾ ਹੈ |
| **ਸਮਾਗਮ ਅਤੇ ਮਨੋਰੰਜਨ** | > ਮਨੋਰੰਜਨ ਵਾਲੀਆਂ ਵੱਡੀਆਂ ਸਹੂਲਤਾਂ (ਸਟੇਡੀਅਮਾਂ, ਥੀਮ ਪਾਰਕਾਂ, ਅਤੇ ਰੇਸ ਕੋਰਸਾਂ ਸਮੇਤ) 5000 ਲੋਕਾਂ ਲਈ ਘਣਤਾ ਸੀਮਾਵਾਂ ਨਾਲ, ਜਾਂ ਛੋਟ ਦੁਆਰਾ ਮੁੜ ਖੁੱਲ੍ਹਦੀਆਂ ਹਨ<br>> ਮਨੋਰੰਜਨ ਸੁਵਿਧਾਵਾਂ (ਸਿਨੇਮਾਘਰਾਂ ਅਤੇ ਥੀਏਟਰਾਂ ਸਮੇਤ) ਘਣਤਾ ਸੀਮਾਵਾਂ ਜਾਂ 75% ਸਥਿਰ ਬੈਠਣ ਵਾਲੀ ਸਮਰੱਥਾ ਨਾਲ ਮੁੜ ਖੁੱਲ੍ਹਦੀਆਂ ਹਨ<br>> ਸੂਚਨਾ ਅਤੇ ਸਿੱਖਿਆ ਸਹੂਲਤਾਂ (ਕਲਾ ਗੈਲਰੀਆਂ, ਅਜਾਇਬ ਘਰਾਂ ਅਤੇ ਲਾਇਬ੍ਰੇਰੀਆਂ ਸਮੇਤ) ਘਣਤਾ ਸੀਮਾਵਾਂ ਨਾਲ ਮੁੜ ਖੁੱਲ੍ਹਦੀਆਂ ਹਨ<br>> ਟਿਕਟਾਂ ਵਾਲੇ ਬਾਹਰਵਾਰ ਬੈਠਣ ਵਾਲੇ ਜਨਤਕ ਇਕੱਠਾਂ ਨੂੰ ਘਣਤਾ ਸੀਮਾ ਦੇ ਨਾਲ 500 ਤੱਕ ਲੋਕਾਂ ਲਈ ਆਗਿਆ ਹੈ<br>> ਮਨੋਰੰਜਨ ਕੇਂਦਰ ਅਤੇ ਨਾਈਟ ਕਲੱਬ ਬੰਦ ਰਹਿੰਦੇ ਹਨ | > ਮਨੋਰੰਜਨ ਵਾਲੀਆਂ ਵੱਡੀਆਂ ਸਹੂਲਤਾਂ (ਸਟੇਡੀਅਮਾਂ, ਥੀਮ ਪਾਰਕਾਂ, ਅਤੇ ਰੇਸ ਕੋਰਸਾਂ ਸਮੇਤ) 5000 ਤੱਕ ਲੋਕਾਂ ਲਈ ਘਣਤਾ ਸੀਮਾਵਾਂ ਨਾਲ, ਜਾਂ ਛੋਟ ਦੁਆਰਾ ਮੁੜ ਖੁੱਲ੍ਹਦੀਆਂ ਹਨ<br>> ਮਨੋਰੰਜਨ ਸੁਵਿਧਾਵਾਂ (ਸਿਨੇਮਾਘਰਾਂ ਅਤੇ ਥੀਏਟਰਾਂ ਸਮੇਤ) ਘਣਤਾ ਸੀਮਾਵਾਂ ਜਾਂ 75% ਸਥਿਰ ਬੈਠਣ ਵਾਲੀ ਸਮਰੱਥਾ ਨਾਲ ਮੁੜ ਖੁੱਲ੍ਹਦੀਆਂ ਹਨ<br>> ਸੂਚਨਾ ਅਤੇ ਸਿੱਖਿਆ ਸਹੂਲਤਾਂ (ਕਲਾ ਗੈਲਰੀਆਂ, ਅਜਾਇਬ ਘਰਾਂ ਅਤੇ ਲਾਇਬ੍ਰੇਰੀਆਂ ਸਮੇਤ) ਘਣਤਾ ਸੀਮਾਵਾਂ ਨਾਲ ਮੁੜ ਖੁੱਲ੍ਹਦੀਆਂ ਹਨ<br>> COVID ਸੁਰੱਖਿਅਤ ਬਾਹਰੀ ਇਕੱਠਾਂ ਦੀ 200 ਤੱਕ ਲੋਕਾਂ ਲਈ ਆਗਿਆ ਹੈ<br>> ਨਿਯੰਤਰਿਤ ਬਾਹਰੀ ਜਨਤਕ ਇਕੱਠਾਂ (ਯਾਨੀ ਕਿ - ਵਾੜ ਲੱਗੀ, ਬੈਠਣ ਵਾਲੀਆਂ ਟਿਕਟਾਂ ਦੇ ਨਾਲ) ਨੂੰ ਘਣਤਾ ਸੀਮਾ ਦੇ ਨਾਲ 3,000 ਤੱਕ ਲੋਕਾਂ ਲਈ ਆਗਿਆ ਦਿੱਤੀ ਗਈ ਹੈ<br>> ਨਾਈਟ ਕਲੱਬਾਂ ਅਤੇ ਸਟਰਿਪ ਕਲੱਬਾਂ ਬੈਠ ਕੇ ਸ਼ਰਾਬ ਪੀਣ ਅਤੇ ਬਿਨਾਂ ਨਾਚ ਨਾਲ ਮੁੜ ਖੁੱਲ੍ਹਦੀਆਂ ਹਨ | > ਮਨੋਰੰਜਨ ਵਾਲੀਆਂ ਵੱਡੀਆਂ ਸਹੂਲਤਾਂ (ਸਟੇਡੀਅਮਾਂ, ਥੀਮ ਪਾਰਕਾਂ ਅਤੇ ਰੇਸ ਕੋਰਸਾਂ ਸਮੇਤ) ਵਾਸਤੇ ਕੋਈ ਵਿਅਕਤੀ ਸੀਮਾ ਨਹੀਂ ਹੈ, ਘਣਤਾ ਸੀਮਾਵਾਂ ਦੇ ਅਧੀਨ ਜਾਂ ਸਥਿਰ ਬੈਠਣ ਵਾਲੀ ਸਮਰੱਥਾ ਦਾ 100%<br>> ਮਨੋਰੰਜਨ ਸੁਵਿਧਾਵਾਂ (ਸਿਨੇਮਾਘਰਾਂ ਅਤੇ ਥੀਏਟਰਾਂ ਸਮੇਤ) ਵਾਸਤੇ ਕੋਈ ਵਿਅਕਤੀ ਸੀਮਾ ਨਹੀਂ ਹੈ, ਘਣਤਾ ਸੀਮਾਵਾਂ ਦੇ ਅਧੀਨ ਜਾਂ ਸਥਿਰ ਬੈਠਣ ਵਾਲੀ ਸਮਰੱਥਾ ਦਾ 100%<br>> ਜਾਣਕਾਰੀ ਅਤੇ ਸਿੱਖਿਆ ਸੁਵਿਧਾਵਾਂ (ਕਲਾ ਗੈਲਰੀਆਂ, ਅਜਾਇਬ ਘਰਾਂ ਅਤੇ ਲਾਇਬ੍ਰੇਰੀਆਂ ਸਮੇਤ) ਵਾਸਤੇ ਕੋਈ ਵਿਅਕਤੀ ਸੀਮਾ ਨਹੀਂ ਹੈ ਘਣਤਾ ਸੀਮਾਵਾਂ ਅਜੇ ਵੀ ਲਾਗੂ ਹੁੰਦੀਆਂ ਹਨ<br>> ਟਿਕਟਾਂ ਵਾਲੇ ਬਾਹਰਵਾਰ ਬੈਠਣ ਵਾਲੇ ਜਨਤਕ ਇਕੱਠਾਂ ਲਈ ਕੋਈ ਵਿਅਕਤੀ ਸੀਮਾ ਨਹੀਂ ਹੈ। 1000 ਤੋਂ ਵੱਧ ਹਾਜ਼ਰੀ ਵਾਸਤੇ COVID-19 ਸੁਰੱਖਿਆ ਯੋਜਨਾਵਾਂ ਲੋੜੀਂਦੀਆਂ ਹਨ<br>> ਨਾਈਟ ਕਲੱਬਾਂ ਅਤੇ ਸਟਰਿਪ ਕਲੱਬਾਂ 4 ਵਰਗ ਮੀਟਰ ਪ੍ਰਤੀ 1 ਵਿਅਕਤੀ ਦੀ ਘਣਤਾ ਸੀਮਾ ਨਾਲ ਖੁੱਲ੍ਹਦੀਆਂ ਹਨ। ਖੜ੍ਹੇ ਹੋ ਕੇ ਸ਼ਰਾਬ ਪੀਣ ਅਤੇ ਨੱਚਣ ਦੀ ਆਗਿਆ ਹੈ<br>> ਮਨੋਰੰਜਨ ਕੇਂਦਰ ਘਣਤਾ ਸੀਮਾਵਾਂ ਨਾਲ ਮੁੜ ਖੁੱਲ੍ਹਦੇ ਹਨ |
| **ਵਿਆਹ ਅਤੇ ਧਾਰਮਿਕ ਸੇਵਾਵਾਂ** | > ਵਿਆਹ ਦੀਆਂ ਰਸਮਾਂ ਨੂੰ 100 ਤੱਕ ਲੋਕਾਂ ਵਾਸਤੇ ਘਣਤਾ ਸੀਮਾਵਾਂ ਨਾਲ ਆਗਿਆ ਦਿੱਤੀ ਜਾਂਦੀ ਹੈ (ਉਹਨਾਂ ਲੋਕਾਂ ਵਾਸਤੇ 5-ਵਿਅਕਤੀਆਂ ਦੀ ਸੀਮਾ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ)<br>> ਵਿਆਹ ਦੀਆਂ ਰਿਸੈਪਸ਼ਨਾਂ ਨੂੰ 100 ਤੱਕ ਲੋਕਾਂ ਵਾਸਤੇ ਘਣਤਾ ਸੀਮਾਵਾਂ ਨਾਲ ਆਗਿਆ ਦਿੱਤੀ ਜਾਂਦੀ ਹੈ (ਉਹਨਾਂ ਲੋਕਾਂ ਵਾਸਤੇ ਆਗਿਆ ਨਹੀਂ ਹੈ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ), ਖਾਣਾ-ਪੀਣਾ ਲਾਜ਼ਮੀ ਤੌਰ 'ਤੇ ਬੈਠ ਕੇ ਹੋਣਾ ਚਾਹੀਦਾ ਹੈ, ਅਤੇ ਨੱਚਣ ਦੀ ਆਗਿਆ ਹੈ<br>> ਅੰਤਿਮ ਸੰਸਕਾਰ ਨੂੰ 100 ਤੱਕ ਲੋਕਾਂ ਵਾਸਤੇ ਘਣਤਾ ਸੀਮਾਵਾਂ ਨਾਲ ਆਗਿਆ ਦਿੱਤੀ ਜਾਂਦੀ ਹੈ (ਉਹਨਾਂ ਲੋਕਾਂ ਵਾਸਤੇ 10-ਵਿਅਕਤੀਆਂ ਦੀ ਸੀਮਾ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ) ਅਤੇ ਖਾਣਾ-ਪੀਣਾ ਲਾਜ਼ਮੀ ਤੌਰ 'ਤੇ ਬੈਠ ਕੇ ਹੋਣਾ ਚਾਹੀਦਾ ਹੈ<br>> ਪੂਜਾ ਸਥਾਨ ਘਣਤਾ ਸੀਮਾਵਾਂ ਨਾਲ ਮੁੜ ਖੁੱਲ੍ਹਦੇ ਹਨ<br>> 10 ਤੱਕ ਪੂਰੀ ਤਰ੍ਹਾਂ ਟੀਕੇ ਲੱਗੇ ਗਾਇਕ ਪੂਜਾ ਸਥਾਨਾਂ ਅਤੇ ਧਾਰਮਿਕ ਸੇਵਾਵਾਂ ਵਿੱਚ ਪ੍ਰਦਰਸ਼ਨ ਕਰ ਸਕਦੇ ਹਨ | > ਵਿਆਹ ਦੀਆਂ ਰਸਮਾਂ ਦੀ ਆਗਿਆ ਹੈ, ਵਿਅਕਤੀਆਂ ਦੀ ਕੋਈ ਸੀਮਾ ਨਹੀਂ ਹੈ (ਉਹਨਾਂ ਲੋਕਾਂ ਵਾਸਤੇ 5-ਵਿਅਕਤੀਆਂ ਦੀ ਸੀਮਾ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ)<br>> ਵਿਆਹ ਦੇ ਰਿਸੈਪਸ਼ਨਾਂ ਦੀ ਆਗਿਆ ਹੈ, ਵਿਅਕਤੀਆਂ ਦੀ ਕੋਈ ਸੀਮਾ ਨਹੀਂ ਹੈ (ਉਹਨਾਂ ਲੋਕਾਂ ਵਾਸਤੇ ਆਗਿਆ ਨਹੀਂ ਹੈ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ), ਖੜ੍ਹੇ ਹੋਣ ਦੌਰਾਨ ਖਾਣ-ਪੀਣ ਦੀ ਆਗਿਆ ਹੈ, ਅਤੇ ਨੱਚਣ ਦੀ ਆਗਿਆ ਹੈ, ਘਣਤਾ ਸੀਮਾਵਾਂ ਅਜੇ ਵੀ ਲਾਗੂ ਹੁੰਦੀਆਂ ਹਨ<br>> ਅੰਤਿਮ ਸੰਸਕਾਰਾਂ ਦੀ ਆਗਿਆ ਹੈ, ਵਿਅਕਤੀਆਂ ਦੀ ਕੋਈ ਸੀਮਾ ਨਹੀਂ ਹੈ (ਉਹਨਾਂ ਲੋਕਾਂ ਵਾਸਤੇ 10-ਵਿਅਕਤੀਆਂ ਦੀ ਸੀਮਾ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ) ਅਤੇ ਖੜ੍ਹੇ ਹੋਣ ਦੌਰਾਨ ਖਾਣ-ਪੀਣ ਦੀ ਆਗਿਆ ਦਿੱਤੀ ਜਾਂਦੀ ਹੈ, ਘਣਤਾ ਸੀਮਾਵਾਂ ਅਜੇ ਵੀ ਲਾਗੂ ਹੁੰਦੀਆਂ ਹਨ<br>> ਪੂਜਾ ਸਥਾਨ ਉਹਨਾਂ ਲੋਕਾਂ ਵਾਸਤੇ ਮੁੜ ਖੁੱਲ੍ਹਦੇ ਹਨ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ ਘਣਤਾ ਸੀਮਾਵਾਂ ਲਾਗੂ ਹੁੰਦੀਆਂ ਹਨ<br>> 10 ਤੱਕ ਪੂਰੀ ਤਰ੍ਹਾਂ ਟੀਕੇ ਲੱਗੇ ਗਾਇਕ ਪੂਜਾ ਸਥਾਨਾਂ ਅਤੇ ਧਾਰਮਿਕ ਸੇਵਾਵਾਂ ਵਿੱਚ ਪ੍ਰਦਰਸ਼ਨ ਕਰ ਸਕਦੇ ਹਨ | > ਵਿਆਹ ਦੀਆਂ ਰਸਮਾਂ ਦੀ ਆਗਿਆ ਹੈ, ਵਿਅਕਤੀਆਂ ਦੀ ਕੋਈ ਸੀਮਾ ਨਹੀਂ ਹੈ, ਖੜ੍ਹੇ ਹੋਣ ਦੌਰਾਨ ਖਾਣ-ਪੀਣ ਦੀ ਆਗਿਆ ਹੈ, ਅਤੇ ਨੱਚਣ ਦੀ ਆਗਿਆ ਹੈ, ਘਣਤਾ ਸੀਮਾਵਾਂ ਅਜੇ ਵੀ ਲਾਗੂ ਹੁੰਦੀਆਂ ਹਨ<br>> ਅੰਤਿਮ ਸੰਸਕਾਰਾਂ ਦੀ ਆਗਿਆ ਹੈ, ਵਿਅਕਤੀਆਂ ਦੀ ਕੋਈ ਸੀਮਾ ਨਹੀਂ ਹੈ, ਅਤੇ ਖੜ੍ਹੇ ਹੋਣ ਦੌਰਾਨ ਖਾਣ-ਪੀਣ ਦੀ ਆਗਿਆ ਹੈ, ਘਣਤਾ ਸੀਮਾਵਾਂ ਅਜੇ ਵੀ ਲਾਗੂ ਹੁੰਦੀਆਂ ਹਨ<br>> ਪੂਜਾ ਸਥਾਨ ਸਾਰਿਆਂ ਦੁਆਰਾ ਗਾਉਣ ਦੀ ਆਗਿਆ ਨਾਲ ਖੁੱਲ੍ਹੇ ਹਨ; ਘਣਤਾ ਸੀਮਾਵਾਂ ਅਜੇ ਵੀ ਲਾਗੂ ਹਨ |
| **ਯਾਤਰਾ ਅਤੇ ਆਵਾਜਾਈ** | > ਸਥਾਨਕ ਸਰਕਾਰੀ ਖੇਤਰਾਂ ਦੇ ਅੰਦਰ ਸੀਮਤ ਯਾਤਰਾ ਅਤੇ 5 ਕਿਲੋਮੀਟਰ ਦੇ ਘੇਰੇ ਨੂੰ ਹਟਾ ਦਿੱਤਾ ਗਿਆ ਹੈ<br>> ਛੁੱਟੀਆਂ ਅਤੇ ਮਨੋਰੰਜਕ ਫੇਰੀਆਂ ਲਈ ਯਾਤਰਾ ਜਿਸ ਵਿੱਚ ਗ੍ਰੇਟਰ ਸਿਡਨੀ (ਸੈਂਟਰਲ ਕੋਸਟ, ਵੋਲੋਂਗੌਂਗ, ਸ਼ੈਲਹਾਰਬਰ ਅਤੇ ਬਲਿਊ ਮਾਊਂਟੇਨਜ਼ ਸਮੇਤ) ਅਤੇ ਦਿਹਾਤੀ NSW ਦੇ ਵਿਚਕਾਰ ਦਿਨ ਦੀਆਂ ਯਾਤਰਾਵਾਂ ਸ਼ਾਮਲ ਹਨ, ਦੀ ਆਗਿਆ ਨਹੀਂ ਹੈ<br>> ਖੇਤਰੀ ਸਥਾਨਕ ਸਰਕਾਰੀ ਖੇਤਰਾਂ ਵਿਚਕਾਰ ਛੁੱਟੀਆਂ ਵਾਸਤੇ ਯਾਤਰਾ ਦੀ ਆਗਿਆ ਹੈ<br>> ਕਾਰਪੂਲਿੰਗ ਕਰਨ ਦੀ ਆਗਿਆ ਹੈ (ਕੇਵਲ ਤੁਹਾਡੇ ਘਰ ਦੇ ਲੋਕਾਂ ਵਾਸਤੇ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ)<br>> ਕੈਰਾਵੈਨ ਪਾਰਕ ਅਤੇ ਕੈਂਪ ਲਗਾਉਣ ਵਾਲੇ ਗਰਾਊਂਡ ਮੁੜ ਖੁੱਲ੍ਹਦੇ ਹਨ (ਉਹਨਾਂ ਲੋਕਾਂ ਵਾਸਤੇ ਵੀ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ) | > ਯਾਤਰਾ ਲਈ ਦੂਰੀ ਦੀਆਂ ਕੋਈ ਸੀਮਾਵਾਂ ਨਹੀਂ ਹਨ<br>> ਗ੍ਰੇਟਰ ਸਿਡਨੀ (ਸੈਂਟਰਲ ਕੋਸਟ, ਵੋਲੋਂਗੌਂਗ, ਸ਼ੈਲਹਾਰਬਰ ਅਤੇ ਬਲਿਊ ਮਾਊਂਟੇਨਜ਼ ਸਮੇਤ) ਅਤੇ ਦਿਹਾਤੀ NSW ਵਿਚਕਾਰ ਛੁੱਟੀਆਂ ਵਾਸਤੇ ਯਾਤਰਾ ਦੀ ਆਗਿਆ (ਉਹਨਾਂ ਲੋਕਾਂ ਵਾਸਤੇ ਆਗਿਆ ਨਹੀਂ ਹੈ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ)<br>> ਕਾਰਪੂਲਿੰਗ ਕਰਨ ਦੀ ਆਗਿਆ ਹੈ (ਕੇਵਲ ਤੁਹਾਡੇ ਘਰ ਦੇ ਲੋਕਾਂ ਵਾਸਤੇ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ)<br>> ਕੈਰਾਵੈਨ ਪਾਰਕ ਅਤੇ ਕੈਂਪ ਲਗਾਉਣ ਵਾਲੇ ਗਰਾਊਂਡ ਮੁੜ ਖੁੱਲ੍ਹਦੇ ਹਨ (ਉਹਨਾਂ ਲੋਕਾਂ ਵਾਸਤੇ ਵੀ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ) | > ਗ੍ਰੇਟਰ ਸਿਡਨੀ ਅਤੇ ਦਿਹਾਤੀ NSW ਦੇ ਵਿਚਕਾਰ ਯਾਤਰਾ (ਛੁੱਟੀਆਂ ਸਮੇਤ) ਦੀ ਆਗਿਆ ਹੈ<br>> ਕਾਰਪੂਲਿੰਗ ਕਰਨ ਦੀ ਹਰ ਕਿਸੇ ਲਈ ਆਗਿਆ ਹੈ<br>> ਕਾਰਵਾਂ ਪਾਰਕ ਅਤੇ ਕੈਂਪਿੰਗ ਗਰਾਊਂਡ ਖੁੱਲ੍ਹੇ ਰਹਿੰਦੇ ਹਨ (ਉਹਨਾਂ ਲੋਕਾਂ ਵਾਸਤੇ ਵੀ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ) |

16 ਸਾਲ ਤੋਂ ਘੱਟ ਉਮਰ ਦੇ ਲੋਕਾਂ ਨੂੰ ਜਿੰਨ੍ਹਾਂ ਨੂੰ ਪੂਰੀ ਤਰ੍ਹਾਂ ਟੀਕੇ ਨਹੀਂ ਲੱਗੇ ਹਨ, ਉਹਨਾਂ ਨੂੰ ਆਪਣੇ ਕਾਰਜ-ਸਥਾਨਾਂ ਅਤੇ ਸਾਰੀਆਂ ਬਾਹਰੀ ਹਾਲਾਤਾਂ ਵਿੱਚ ਬਿਨਾਂ ਕਿਸੇ ਸਾਥ ਦੇ ਆਗਿਆ ਦਿੱਤੀ ਜਾਂਦੀ ਹੈ, ਪਰ ਉਹਨਾਂ ਨੂੰ ਪ੍ਰਾਹੁਣਚਾਰੀ ਵਾਲੇ ਸਥਾਨਾਂ (ਜਦ ਤੱਕ ਟੇਕਵੇਅ ਨਹੀਂ ਲੈ ਰਹੇ), ਮਨੋਰੰਜਨ ਸੁਵਿਧਾਵਾਂ, ਵੱਡੀਆਂ ਮਨੋਰੰਜਨ ਸਹੂਲਤਾਂ ਅਤੇ ਪੂਜਾ ਸਥਾਨਾਂ ਵਿੱਚ ਆਪਣੇ ਪਰਿਵਾਰ ਦੇ ਇਕ ਪੂਰੀ ਤਰ੍ਹਾਂ ਟੀਕੇ ਲਗਾਏ ਜੀਅ ਦੇ ਨਾਲ ਹੋਣਾ ਚਾਹੀਦਾ ਹੈ। **ਸਥਾਨਕ ਸਰਕਾਰੀ ਖੇਤਰ ਜਨਤਕ ਸਿਹਤ ਆਦੇਸ਼ਾਂ ਦੇ ਅਨੁਸਾਰ ਵੱਖ-ਵੱਖ ਨਿਯਮਾਂ ਅਤੇ ਪਾਬੰਦੀਆਂ ਦੇ ਅਧੀਨ ਹੋ ਸਕਦੇ ਹਨ। ਨਵੀਨਤਮ ਜਾਣਕਾਰੀ ਲਈ ਇੱਥੇ ਜਾਓ nsw.gov.au**



COVID-19 ਟੀਕਾਕਰਨ

**ਚਲੋ ਇਹ ਕਰਵਾਈਏ**
nsw.gov.au